Roll No. ..............................................



Total No. of Questions : 19]

[Total No. of Printed Pages : 8

**SS**

**2323**

**ਸਲਾਨਾ ਪਰੀਖਿਆ ਪ੍ਰਨਾਲੀ**

# MANAGERIAL ECONOMICS AND STATISTICS

**(Vocational Stream)**

**(Business and Commerce Group)**

**(Banking and Financial Services Trade)**

**Paper-II**

**(Punjabi, Hindi and English Versions)**

**(Evening Session)**

**Time Allowed : 2 Hours** | **Maximum Marks : 30**

## (Punjabi Version)

ਨੋਟ: (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **215** ਜ਼ਰੂਰ ਦਰਜ ਕਰੋ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ **28** ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ (**ਭਾਗ-I**, **ਭਾਗ-II** ਅਤੇ **ਭਾਗ-III**) ।

(v) **ਭਾਗ-I** ਦਾ ਹਰੇਕ ਪ੍ਰਸ਼ਨ 1 ਅੰਕ ਦਾ ਹੈ ਅਤੇ **ਸਾਰੇ** ਪ੍ਰਸ਼ਨ ਹੱਲ ਕਰਨੇ **ਲਾਜ਼ਮੀ** ਹਨ ।

(vi) **ਭਾਗ-II** ਦਾ ਹਰੇਕ ਪ੍ਰਸ਼ਨ 3 ਅੰਕਾਂ ਦਾ ਹੈ ਅਤੇ ਪਰੀਖਿਆਰਥੀ ਲਈ ਇਨ੍ਹਾਂ ਵਿੱਚੋਂ ਕੋਈ **ਪੰਜ** ਪ੍ਰਸ਼ਨਾਂ ਦੇ ਉੱਤਰ ਦੇਣੇ ਹਨ ।

(vii) **ਭਾਗ-III** ਦਾ ਹਰੇਕ ਪ੍ਰਸ਼ਨ 5 ਅੰਕਾਂ ਦਾ ਹੈ ਅਤੇ ਪਰੀਖਿਆਰਥੀ ਲਈ ਇਨ੍ਹਾਂ ਵਿੱਚੋਂ ਕੋਈ **ਇੱਕ** ਪ੍ਰਸ਼ਨ ਦਾ ਉੱਤਰ ਦੇਣਾ ਹੈ ।

### ਭਾਗ-I

**ਸਾਰੇ** ਪ੍ਰਸ਼ਨ **ਜ਼ਰੂਰੀ** ਹਨ । ਹਰੇਕ ਪ੍ਰਸ਼ਨ **ਇੱਕ** ਅੰਕ ਦਾ ਹੈ । *10×1=10*

1. ਪ੍ਰਤੀਸਥਾਪਨ ਵਸਤੂਆਂ ਦੀ ਇੱਕ ਉਦਾਹਰਨ ਲਿਖੋ । *1*

2. ਕੁੱਲ ਉਪਯੋਗਤਾ ਅਧਿਕਤਮ ਹੁੰਦੀ ਹੈ ਜਦੋ ਸੀਮਾਂਤ ਉਪਯੋਗਤਾ ਸਿਫ਼ਰ ਹੁੰਦੀ ਹੈ । (ਸਹੀ ਜਾਂ ਗਲਤ) 1

3. ਪੂਰਨ ਬੇਲੋਚਦਾਰ ਮੰਗ ਤੋਂ ਕੀ ਭਾਵ ਹੈ ? 1

4. ਸਾਂਖਿਅਕੀ ਤੋਂ ਭਾਵ ਉਸ ਵਿਗਿਆਨ ਤੋਂ ਹੈ ਜੋ ਸੰਖਿਆਤਮਕ ਸੂਚਨਾਵਾਂ ਨੂੰ ਇਕੱਠਾ ਕਰਦਾ ਹੈ । (ਸਹੀ ਜਾਂ ਗਲਤ) 1

5. ਮੰਗ ਦਾ ਨਿਯਮ _________ ਦਰਸਾਉਂਦਾ ਹੈ । 1

(ੳ) ਉਪਭੋਗਤਾ ਅਤੇ ਕੀਮਤ ਵਿੱਚ ਸੰਬੰਧ

(ਅ) ਆਮਦਨ ਅਤੇ ਮੰਗ ਵਿੱਚ ਉਲਟਾ ਸੰਬੰਧ

(ੲ) ਵਸਤੂ ਦੀ ਕੀਮਤ ਅਤੇ ਮੰਗ ਵਿੱਚ ਉਲਟਾ ਸੰਬੰਧ

(ਸ) ਉਪਰੋਕਤ ਵਿੱਚੋਂ ਕੋਈ ਨਹੀਂ

6. ਹੇਠ ਲਿਖੇ ਅੰਕੜਿਆਂ ਦੇ ਅਧਾਰ ਤੇ ਬਹੁਲਕ (Mode) ਗਿਆਤ ਕਰੋ : 1

| | | | | | | | | |
|---|---|---|---|---|---|---|---|---|
| 5 | 7 | 7 | 7 | 9 | 9 | 12 | 15 | 17 |

7. ਪ੍ਰਬੰਧਕੀ ਅਰਥਸ਼ਾਸਤਰ ਦਾ ਸੰਬੰਧ _________ ਦੇ ਪ੍ਰਬੰਧ ਨਾਲ ਹੈ । 1

(ੳ) ਖੇਤੀਬਾੜੀ

(ਅ) ਵਪਾਰ

(ੲ) ਵਿਗਿਆਪਨ

(ਸ) ਉਪਰੋਕਤ ਵਿੱਚੋਂ ਕੋਈ ਨਹੀਂ

8. ਇੱਕ ਉੱਚਾ ਉਦਾਸੀਨ ਵੱਕਰ ਸੰਤੁਸ਼ਟੀ ਦੇ ਉੱਚ ਪੱਧਰ ਨੂੰ ਦਰਸਾਉਂਦਾ ਹੈ । (ਸਹੀ ਜਾਂ ਗਲਤ) 1

9. ਸੂਚਕ ਅੰਕ ਕੀ ਹਨ ? 1

10. ਸਹਿਸੰਬੰਧ ਗੁਣਾਂਕ ਸਦੈਵ _________ ਦੇ ਮੱਧ ਸਥਿਤ ਹੁੰਦਾ ਹੈ । 1

(ੳ) – 1 ਅਤੇ 1

(ਅ) – 1 ਅਤੇ 0

(ੲ) 0 ਅਤੇ 1

(ਸ) ਉਪਰੋਕਤ ਵਿੱਚੋਂ ਕੋਈ ਨਹੀਂ

## ਭਾਗ–II

*ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ । ਹਰੇਕ ਪ੍ਰਸ਼ਨ **ਤਿੰਨ** ਅੰਕ ਦਾ ਹੈ ।* 5×3=15

11. ਉਦਾਸੀਨ ਵੱਕਰ ਵਿਸ਼ਲੇਸ਼ਣ ਨਾਲ ਸੰਬੰਧਤ ਵੱਖ-ਵੱਖ ਧਾਰਨਾਵਾਂ ਲਿਖੋ । 3

12. ਮੰਗ ਦੇ ਨਿਯਮ ਦੇ ਵਿਭਿੰਨ ਅਪਵਾਦ ਕੀ ਹਨ ? 3

13. ਸਾਂਖਿਅਕੀ ਦੇ ਮੁੱਖ ਕੰਮਾਂ ਦਾ ਸੰਖੇਪ ਵਿੱਚ ਵਿਵੇਚਨ ਕਰੋ । 3

14. ਘਟੱਦੀ ਸੀਮਾਂਤ ਉਪਯੋਗਤਾ ਦਾ ਨਿਯਮ ਕੀ ਹੈ ? ਸੰਖੇਪ ਵਿੱਚ ਵਿਆਖਿਆ ਕਰੋ । 3

15. ਪ੍ਰਬੰਧਕੀ ਅਰਥਸ਼ਾਸਤਰ ਦੇ ਸੁਭਾਅ ਦੀ ਸੰਖੇਪ ਵਿੱਚ ਵਿਆਖਿਆ ਕਰੋ । 3

16. ਹੇਠ ਦਿੱਤੇ ਅੰਕੜਿਆਂ ਤੋਂ ਚਤੁਰਥਕ ਵਿਚਲਨ (Quartile Deviation) ਅਤੇ ਚਤੁਰਥਕ ਵਿਚਲਨ ਦਾ ਗੁਣਾਂਕ (Coefficient of Quartile Deviation) ਗਿਆਤ ਕਰੋ : 3

| ਕ੍ਰਮ ਨੰਬਰ : | 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|---|
| ਅੰਕ : | 15 | 20 | 25 | 30 | 35 | 40 | 45 | 50 | 55 | 60 | 65 |

17. ਕਵਿਤਾ ਉਚਾਰਨ ਮੁਕਾਬਲੇ ਵਿੱਚ, ਦੋ ਜੱਜਾਂ, X ਅਤੇ Y ਦੁਆਰਾ 10 ਭਾਗੀਦਾਰਾਂ ਨੂੰ ਹੇਠ ਲਿਖੇ ਅੰਕ ਦਿੱਤੇ ਗਏ । ਕ੍ਰਮ ਨੰਬਰ ਸਹਿ-ਸੰਬੰਧ ਗੁਣਾਂਕ (Coefficient of Rank Correlation) ਦੀ ਗਣਨਾ ਕਰੋ : 3

| | | | | | | | | | | |
|---|---|---|---|---|---|---|---|---|---|---|
| X | 15 | 17 | 14 | 13 | 11 | 12 | 16 | 18 | 10 | 9 |
| Y | 15 | 12 | 4 | 6 | 7 | 9 | 3 | 10 | 2 | 5 |

## ਭਾਗ-III

*ਕਿਸੇ **ਇੱਕ** ਪ੍ਰਸ਼ਨ ਦਾ ਉੱਤਰ ਲਿਖੋ । ਹਰੇਕ ਪ੍ਰਸ਼ਨ **ਪੰਜ** ਅੰਕ ਦਾ ਹੈ ।* *1×5=5*

18. ਮੰਗ ਦੀ ਕੀਮਤ ਲੋਚ ਕੀ ਹੈ ? ਮੰਗ ਦੀ ਕੀਮਤ ਲੋਚ ਨੂੰ ਨਿਰਧਾਰਤ ਕਰਨ ਵਾਲੇ ਕਾਰਕਾਂ ਦੀ ਵਿਆਖਿਆ ਕਰੋ । 5

19. ਹੇਠ ਲਿਖੇ ਅੰਕੜਿਆਂ ਦੇ ਲਾਸਪੀਅਰ ਵਿਧੀ, ਪਾਸਚੇ ਵਿਧੀ, ਫਿਸ਼ਰ ਵਿਧੀ ਰਾਹੀ ਸੂਚਕ ਅੰਕ ਗਿਆਤ ਕਰੋ । 5

| ਵਸਤੂਆਂ | ਆਧਾਰ ਸਾਲ (2014) | | ਚਾਲੂ ਸਾਲ (2015) | |
|---|---|---|---|---|
| | ਕੀਮਤ | ਮਾਤਰਾ | ਕੀਮਤ | ਮਾਤਰਾ |
| A | 10 | 6 | 12 | 8 |
| B | 15 | 4 | 20 | 5 |
| C | 8 | 5 | 16 | 3 |
| D | 9 | 3 | 1 | 6 |

## (Hindi Version)

**नोट :** *(i)* *अपनी उत्तर-पुस्तिका के मुख पृष्ठ पर विषय-कोड/पेपर-कोड वाले खाने में विषय-कोड/पेपर-कोड **215** अवश्य लिखें ।*

*(ii)* *उत्तर-पुस्तिका लेते ही इसके पृष्ठ गिनकर देख लें कि इसमें मुख पृष्ठ सहित **28** पृष्ठ हैं एवं सही क्रम में हैं ।*

*(iii)* *उत्तर-पुस्तिका में खाली छोड़े गए पृष्ठ/पृष्ठों के पश्चात् हल किए गए प्रश्न/प्रश्नों का मूल्यांकन नहीं किया जाएगा ।*